# ਪੰਜਾਬੀ / PUNJABI

## ( ਲਾਜ਼ਮੀ ) / ( Compulsory )

## 2023

ਨਿਰਧਾਰਿਤ ਸਮਾਂ : ਤਿੰਨ ਘੰਟੇ
*Time Allowed : Three Hours*

ਕੁੱਲ ਅੰਕ : 300
*Maximum Marks : 300*

---

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

**ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ, ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :**

ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।

ਹਰ ਪ੍ਰਸ਼ਨ ਦੇ ਅੰਕ ਉਸ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।

ਜੇ ਪ੍ਰਸ਼ਨ ਬਾਰੇ ਕੋਈ ਹੋਰ ਨਿਰਦੇਸ਼ ਨਹੀਂ ਦਿੱਤਾ ਗਿਆ ਤਾਂ ਉਸ ਦਾ ਉੱਤਰ, **ਪੰਜਾਬੀ (ਗੁਰਮੁਖੀ ਲਿਪੀ)** ਵਿੱਚ ਹੀ ਲਿਖੋ ।

ਜੇ ਪ੍ਰਸ਼ਨ ਦੇ ਉੱਤਰ ਦੀ ਕੋਈ ਸ਼ਬਦ-ਸੀਮਾ ਦਿੱਤੀ ਗਈ ਹੈ, ਤਾਂ ਉਸਦਾ ਪਾਲਨ ਕਰੋ । ਜੇ ਉੱਤਰ ਬਹੁਤ ਲੰਮਾ ਜਾਂ ਫਿਰ ਬਹੁਤ ਛੋਟਾ ਹੋਇਆ, ਤਾਂ ਅੰਕ ਕੱਟੇ ਜਾ ਸਕਦੇ ਹਨ ।

ਉੱਤਰ-ਕਾਪੀ ਦੇ ਖ਼ਾਲੀ ਰਹਿ ਗਏ ਹਰ ਪੰਨੇ ਨੂੰ ਜ਼ਰੂਰ ਕੱਟਿਆ ਜਾਏ ।

raadheythevisiion.in

### Question Paper Specific Instructions

***Please read each of the following instructions carefully before attempting questions :***

*All questions are to be attempted.*

*The number of marks carried by a question / part is indicated against it.*

*Answers must be written in* **PUNJABI (Gurumukhi script)** *unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the Question-cum-Answer Booklet must be clearly struck off.*



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

**Q1.** **ਹੇਠ ਲਿਖਿਆਂ ਵਿੱਚੋਂ ਕਿਸੇ *ਇੱਕ* ਵਿਸ਼ੇ ਬਾਰੇ 600 ਸ਼ਬਦਾਂ ਦਾ ਨਿਬੰਧ ਲਿਖੋ :** *100*

(a) ਉਪਭੋਗਤਾਵਾਦੀ ਜੀਵਨ ਸ਼ੈਲੀ ਅਤੇ ਵਾਤਾਵਰਣ

(b) ਮੋਬਾਈਲ ਫ਼ੋਨ ਦਾ ਝੱਸ

(c) ਆਨਲਾਈਨ ਸਿੱਖਿਆ ਦੀਆਂ ਸੀਮਾਵਾਂ

(d) ਆਤੰਕਵਾਦ : ਇੱਕ ਚੁਣੌਤੀ

**Q2.** **ਹੇਠ ਲਿਖੇ ਗੱਦ-ਟੋਟੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸਪੱਸ਼ਟ, ਸਹੀ ਅਤੇ ਸੰਖੇਪ ਭਾਸ਼ਾ ਵਿੱਚ ਦਿਉ :** *12×5=60*

ਜਦੋਂ ਇੱਕ ਕਿਸਾਨ ਖੇਤ ਵਿੱਚ ਕੰਮ ਕਰਦਾ ਹੈ ਤਾਂ ਉਹ ਖਾਦ-ਪਦਾਰਥ ਅਤੇ ਉਦਯੋਗਾਂ ਲਈ ਕੱਚਾ ਮਾਲ ਪੈਦਾ ਕਰਦਾ ਹੈ । ਕੱਪੜੇ ਦੇ ਕਾਰਖਾਨਿਆਂ ਅਤੇ ਬਿਜਲੀ ਨਾਲ ਚੱਲਣ ਵਾਲੀ ਖੱਡੀ ਵਿੱਚ ਕਪਾਹ ਕੱਪੜੇ ਦਾ ਰੂਪ ਧਾਰਨ ਕਰ ਲੈਂਦੀ ਹੈ । ਗੱਡੀਆਂ ਵਸਤਾਂ ਨੂੰ ਇੱਕ ਸਥਾਨ ਤੋਂ ਦੂਜੇ ਸਥਾਨ ਤੱਕ ਪਹੁਚਾਉਂਦੀਆਂ ਹਨ । ਅਸੀਂ ਜਾਣਦੇ ਹਾਂ ਕਿ ਕਿਸੇ ਦੇਸ਼ ਵਿੱਚ ਇੱਕ ਸਾਲ ਵਿੱਚ ਉਤਪਾਦਿਤ ਸਾਰੀਆਂ ਵਸਤਾਂ ਅਤੇ ਸੇਵਾਵਾਂ ਦਾ ਕੁੱਲ ਮੁੱਲ ਇਸਦਾ ਕੁੱਲ ਘਰੇਲੂ ਉਤਪਾਦ ਕਹਾਉਂਦਾ ਹੈ । ਨਿਰਯਾਤ ਦੇ ਬਦਲੇ ਸਾਨੂੰ ਮੁੱਲ ਪ੍ਰਾਪਤ ਹੁੰਦਾ ਹੈ ਅਤੇ ਆਯਾਤ ਲਈ ਸਾਨੂੰ ਮੁੱਲ ਚੁਕਾਉਣਾ ਪੈਂਦਾ ਹੈ । ਇਸ ਵਿੱਚ ਅਸੀਂ ਦੇਖਦੇ ਹਾਂ ਕਿ ਅਸਲ ਆਮਦਨ ਵਾਧੇ ਵਿੱਚ ਹੈ ਜਾਂ ਘਾਟੇ ਵਿੱਚ ਜਾਂ ਫਿਰ ਸਿਫ਼ਰ ਹੈ । ਜਦੋਂ ਅਸੀਂ ਪ੍ਰਾਪਤ ਆਮਦਨਾਂ ਦਾ ਜੋੜ ਕਰਦੇ ਹਾਂ ਤਾਂ ਸਾਨੂੰ ਉਸ ਸਾਲ ਦਾ ਦੇਸ਼ ਦਾ ਕੁੱਲ ਘਰੇਲੂ ਉਤਪਾਦ ਪ੍ਰਾਪਤ ਹੁੰਦਾ ਹੈ ।

ਕੁੱਲ ਰਾਸ਼ਟਰੀ ਉਤਪਾਦ ਵਿੱਚ ਯੋਗਦਾਨ ਦੇਣ ਵਾਲੀਆਂ ਸਾਰੀਆਂ ਗਤੀਵਿਧੀਆਂ ਨੂੰ ਅਸੀਂ ਆਰਥਿਕ ਗਤੀਵਿਧੀਆਂ ਕਹਿੰਦੇ ਹਾਂ । ਉਹ ਸਭ ਵਿਅਕਤੀ, ਜੋ ਆਰਥਿਕ ਗਤੀਵਿਧੀਆਂ ਵਿੱਚ ਸ਼ਾਮਿਲ ਹੁੰਦੇ ਹਨ, ਕਾਮੇ ਕਹਾਉਂਦੇ ਹਨ, ਭਾਵੇਂ ਉਹ ਉੱਚ ਜਾਂ ਨਿਮਨ ਕਿਸੇ ਵੀ ਪੱਧਰ 'ਤੇ ਕਾਰਜਸ਼ੀਲ ਹੋਣ । ਜੇਕਰ ਇਹਨਾਂ ਵਿੱਚੋਂ ਕੁਝ ਲੋਕ ਬਿਮਾਰ ਜਾਂ ਜ਼ਖਮੀ ਹੋਣ ਆਦਿ ਵਰਗੇ ਸਰੀਰਕ ਕਸ਼ਟਾਂ, ਖ਼ਰਾਬ ਮੌਸਮ, ਤਿਉਹਾਰ ਜਾਂ ਸਾਮਾਜਿਕ-ਧਾਰਮਿਕ ਉਤਸਵਾਂ ਦੇ ਕਾਰਨ ਅਸਥਾਈ ਤੌਰ 'ਤੇ ਕੰਮ 'ਤੇ ਨਹੀਂ ਆ ਸਕਦੇ, ਤਾਂ ਵੀ ਉਹਨਾਂ ਨੂੰ ਕਾਮੇ ਹੀ ਮੰਨਿਆ ਜਾਵੇਗਾ । ਇਹ ਕੰਮ ਕਰਨ ਵਾਲੇ ਮੁੱਖ ਕਾਮਿਆਂ ਦੀ ਸਹਾਇਤਾ ਕਰਨ ਵਾਲਿਆਂ ਨੂੰ ਵੀ ਅਸੀਂ ਕਾਮੇ ਹੀ ਮੰਨਦੇ ਹਾਂ । ਆਮ ਤੌਰ 'ਤੇ ਅਸੀਂ ਅਜਿਹਾ ਸੋਚਦੇ ਹਾਂ ਕਿ



RaadheytheVisiion || Contact us: - +9196257575З6; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

ਜਿਹਨਾਂ ਨੂੰ ਕੰਮ ਦੇ ਬਦਲੇ ਰੁਜ਼ਗਾਰਦਾਤਾ ਦੁਆਰਾ ਕੁਝ ਭੁਗਤਾਨ ਕੀਤਾ ਜਾਂਦਾ ਹੈ, ਉਹਨਾਂ ਨੂੰ ਕਾਮੇ ਕਿਹਾ ਜਾਂਦਾ ਹੈ, ਪਰ ਅਜਿਹਾ ਨਹੀਂ ਹੈ । ਜੋ ਵਿਅਕਤੀ ਆਪਣਾ ਖ਼ੁਦ ਦਾ ਕੰਮ ਕਰਦੇ ਹਨ, ਉਹ ਵੀ ਕਾਮੇ ਹੁੰਦੇ ਹਨ ।

ਭਾਰਤ ਵਿੱਚ ਰੁਜ਼ਗਾਰ ਦੀ ਪ੍ਰਕ੍ਰਿਤੀ ਬਹੁਮੁਖੀ ਹੈ । ਕੁਝ ਲੋਕਾਂ ਨੂੰ ਪੂਰਾ ਸਾਲ ਭਰ ਰੁਜ਼ਗਾਰ ਮਿਲ ਜਾਂਦਾ ਹੈ ਜਦਕਿ ਕੁਝ ਲੋਕਾਂ ਨੂੰ ਸਾਲ ਵਿਚ ਸਿਰਫ਼ ਕੁਝ ਮਹੀਨੇ ਹੀ ਰੁਜ਼ਗਾਰ ਪ੍ਰਾਪਤ ਹੁੰਦਾ ਹੈ । ਜ਼ਿਆਦਾਤਰ ਮਜ਼ਦੂਰਾ ਨੂੰ ਆਪਣੇ ਕੰਮ ਬਦਲੇ ਉੱਚਿਤ ਮਜ਼ਦੂਰੀ ਨਹੀਂ ਮਿਲਦੀ । ਉਂਝ ਕਾਮਿਆਂ ਦੀ ਸੰਖਿਆ ਦਾ ਅਨੁਮਾਨ ਲਗਾਉਣ ਸਮੇਂ ਉਹਨਾਂ ਸਭ ਨੂੰ ਰੁਜ਼ਗਾਰ ਪ੍ਰਾਪਤ ਲੋਕਾਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ ਜੋ ਆਰਥਿਕ ਕੰਮਾਂ ਵਿੱਚ ਲੱਗੇ ਹੁੰਦੇ ਹਨ । ਸਾਲ 2011 – 12 ਵਿੱਚ ਭਾਰਤ ਦੀ ਕੁੱਲ ਕਿਰਤ ਸ਼ਕਤੀ ਦਾ ਆਕਾਰ ਲਗਭਗ 473 ਮਿਲੀਅਨ ਅਨੁਮਾਨਿਆ ਗਿਆ । ਕਿਉਂਕਿ ਦੇਸ਼ ਦੇ ਜ਼ਿਆਦਾਤਰ ਲੋਕ ਪੇਂਡੂ ਖੇਤਰਾਂ ਵਿੱਚ ਕਹਿੰਦੇ ਹਨ, ਇਸ ਲਈ ਪੇਂਡੂ ਕਿਰਤ ਦਾ ਅਨੁਪਾਤ ਵੀ ਸ਼ਹਿਰੀ ਕਿਰਤ ਤੋਂ ਜ਼ਿਆਦਾ ਹੈ । ਇਹਨਾਂ 473 ਮਿਲੀਅਨ ਕਾਮਿਆਂ ਵਿੱਚੋਂ ਤਿੰਨ-ਚੌਥਾਈ ਕਾਮੇ ਪੇਂਡੂ ਹਨ ।

ਭਾਰਤ ਵਿੱਚ ਕਿਰਤ ਸ਼ਕਤੀ ਵਿੱਚ ਬਹੁਲਤਾ ਪੁਰਸ਼ਾਂ ਦੀ ਹੈ । ਪੇਂਡੂ ਖੇਤਰ ਵਿੱਚ ਮਹਿਲਾ ਕਿਰਤ ਸ਼ਕਤੀ ਕੁੱਲ ਕਿਰਤ ਸ਼ਕਤੀ ਦਾ ਇੱਕ-ਤਿਹਾਈ ਹੈ, ਅਤੇ ਸ਼ਹਿਰਾਂ ਵਿੱਚ ਕੇਵਲ 20 ਪ੍ਰਤੀਸ਼ਤ ਮਹਿਲਾਵਾਂ ਹੀ ਕਿਰਤ ਸ਼ਕਤੀ ਵਿੱਚ ਭਾਗੀਦਾਰ ਹਨ । ਮਹਿਲਾਵਾਂ ਖਾਣਾ ਬਣਾਉਣ, ਪਾਣੀ ਲਿਆਉਣ, ਈਂਧਣ ਇਕੱਠਾ ਕਰਨ ਦੇ ਨਾਲ-ਨਾਲ ਖੇਤਾਂ ਵਿੱਚ ਵੀ ਕੰਮ ਕਰਦੀਆਂ ਹਨ । ਉਹਨਾਂ ਨੂੰ ਨਕਦ ਜਾਂ ਅਨਾਜ ਦੇ ਰੂਪ ਵਿੱਚ ਕੋਈ ਮਜ਼ਦੂਰੀ ਨਹੀਂ ਮਿਲਦੀ । ਕਈ ਵਾਰ ਤਾਂ ਕੁਝ ਵੀ ਭੁਗਤਾਨ ਨਹੀਂ ਕੀਤਾ ਜਾਂਦਾ । ਇਹੀ ਕਾਰਨ ਹੈ ਕਿ ਇਹਨਾਂ ਮਹਿਲਾਵਾਂ ਨੂੰ ਕਿਰਤੀਆਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਨਹੀਂ ਕੀਤਾ ਜਾਂਦਾ । ਅਰਥ-ਸ਼ਾਸ਼ਤਰੀਆਂ ਦਾ ਇਹ ਕਹਿਣਾ ਹੈ ਕਿ ਇਨ੍ਹਾਂ ਮਹਿਲਾਵਾਂ ਨੂੰ ਵੀ ਕਿਰਤੀ ਹੀ ਮੰਨਿਆ ਜਾਣਾ ਚਾਹੀਦਾ ਹੈ ।

(a) ਕਾਮਾ ਕੌਣ ਹੁੰਦਾ ਹੈ ? 12

(b) ਕੁੱਲ ਘਰੇਲੂ ਉਤਪਾਦ ਤੋਂ ਕੀ ਭਾਵ ਹੈ ? 12

(c) ਭਾਰਤ ਵਿੱਚ ਰੁਜ਼ਗਾਰ ਦੀ ਪ੍ਰਕ੍ਰਿਤੀ ਕਿਹੋ ਜਿਹੀਂ ਹੈ ? 12

(d) ਕਿਹੜੀਆਂ ਮਹਿਲਾਵਾਂ/ਔਰਤਾਂ ਨੂੰ ਕਿਰਤੀ ਨਹੀਂ ਮੰਨਿਆ ਜਾਂਦਾ ? 12

(e) ਭਾਰਤ ਵਿੱਚ ਕਿਰਤ ਜਨਸੰਖਿਆ ਅਨੁਪਾਤ ਕੀ ਹੈ ? 12



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

**Q3.** ਹੇਠ ਲਿਖੇ ਪੈਰ੍ਹੇ ਦਾ ਸਾਰ ਲਗਭਗ ਇਕ-ਤਿਹਾਈ ਸ਼ਬਦਾਂ ਵਿੱਚ ਲਿਖੋ । ਇਸਦਾ ਸਿਰਲੇਖ ਲਿਖਣ ਦੀ ਜ਼ਰੂਰਤ ਨਹੀਂ ਹੈ । ਸੰਖੇਪ ਸਾਰ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ : *60*

ਦੋ ਸ਼ਬਦ, ਜੋ ਸਭ ਤੋਂ ਘੱਟ ਸਮਝ ਵਿੱਚ ਆਉਂਦੇ ਹਨ ਅਤੇ ਜਿਹਨਾਂ ਦਾ ਪ੍ਰਯੋਗ ਸਭ ਤੋਂ ਜਿਆਦਾ ਹੁੰਦਾ ਹੈ, ਉਹ ਹਨ ਸਭਿਅਤਾ ਅਤੇ ਸੰਸਕ੍ਰਿਤੀ । ਉਸ ਸਮੇਂ ਦੀ ਕਲਪਨਾ ਕਰੋ ਜਦੋਂ ਮਨੁੱਖੀ ਸਮਾਜ ਨੇ ਅਜੇ ਅੱਗ ਬਾਰੇ ਨਹੀਂ ਸੀ ਜਾਣਿਆ । ਅੱਜ ਤਾਂ ਹਰ ਘਰ ਵਿੱਚ ਚੁੱਲ੍ਹਾ ਬਲਦਾ ਹੈ । ਜਿਸ ਆਦਮੀ ਨੇ ਪਹਿਲਾਂ-ਪਹਿਲ ਅੱਗ ਦੀ ਕਾਢ ਕੱਢੀ ਹੋਵੇਗੀ ਉਹ ਕਿੰਨਾ ਵੱਡਾ ਖੋਜੀ ਹੋਵੇਗਾ । ਉਸ ਸਮੇਂ ਦੀ ਵੀ ਕਲਪਨਾ ਕਰੋ ਜਦੋਂ ਮਨੁੱਖ ਦੀ ਸੂਈ-ਧਾਗੇ ਨਾਲ ਜਾਣ-ਪਛਾਣ ਨਹੀਂ ਹੋਈ ਸੀ । ਜਿਸ ਮਨੁੱਖ ਨੇ ਲੋਹੇ ਦੇ ਇੱਕ ਟੁਕੜੇ ਨੂੰ ਸੂਈ ਦਾ ਰੂਪ ਦਿੱਤਾ ਹੋਵੇਗਾ, ਉਹ ਵੀ ਕਿੰਨਾ ਵੱਡਾ ਖੋਜੀ ਹੋਵੇਗਾ ।

ਇਹਨਾਂ ਦੋਵਾਂ ਮਿਸਾਲਾਂ ਉੱਤੇ ਗੌਰ ਕਰੀਏ ਤਾਂ ਪਹਿਲੀ ਮਿਸਾਲ ਵਿੱਚ ਦੋ ਗੱਲਾਂ ਹਨ – ਪਹਿਲਾ ਇੱਕ ਵਿਅਕਤੀ ਵਿਸ਼ੇਸ਼ ਦੀ ਅੱਗ ਦੀ ਕਾਢ ਕੱਢਣ ਦੀ ਸ਼ਕਤੀ ਅਤੇ ਦੂਸਰਾ ਅੱਗ ਦੀ ਕਾਢ । ਇਸੇ ਤਰ੍ਹਾਂ ਸੂਈ-ਧਾਗੇ ਵਾਲੀ ਉਦਾਹਰਣ ਵਿੱਚ ਇੱਕ ਚੀਜ਼ ਹੈ ਸੂਈ-ਧਾਗੇ ਦੀ ਕਾਢ ਕੱਢਣ ਦੀ ਸ਼ਕਤੀ ਅਤੇ ਦੂਜੀ ਚੀਜ਼ ਹੈ ਸੂਈ-ਧਾਗੇ ਦੀ ਕਾਢ । ਜਿਸ ਯੋਗਤਾ, ਪ੍ਰਵ੍ਰਿਤੀ ਅਤੇ ਪ੍ਰੇਰਣਾ ਦੇ ਬਲ 'ਤੇ ਅੱਗ ਅਤੇ ਸੂਈ-ਧਾਗੇ ਦੀ ਕਾਢ ਹੋਈ, ਉਹ ਵਿਅਕਤੀ ਵਿਸ਼ੇਸ਼ ਦੀ ਸੰਸਕ੍ਰਿਤੀ ਹੈ, ਅਤੇ ਉਸ ਸੰਸਕ੍ਰਿਤੀ ਦੁਆਰਾ ਜੋ ਕਾਢ ਕੱਢੀ ਗਈ, ਜੋ ਚੀਜ਼ ਉਸਨੇ ਆਪਣੇ ਅਤੇ ਦੂਜਿਆਂ ਲਈ ਨਵੀਂ ਲੱਭੀ, ਉਸ ਦਾ ਨਾਮ ਹੈ ਸਭਿਅਤਾ ।

ਇੱਕ ਸੰਸਕ੍ਰਿਤਕ ਵਿਅਕਤੀ ਕਿਸੇ ਨਵੀਂ ਚੀਜ਼ ਦੀ ਖੋਜ ਕਰਦਾ ਹੈ, ਪ੍ਰੰਤੂ ਉਸਦੀ ਸੰਤਾਨ ਨੂੰ ਉਹ ਖੋਜ ਆਪਣੇ ਪੂਰਵਜਾਂ ਤੋਂ ਬਿਨਾਂ ਕਿਸੇ ਯਤਨ ਦੇ ਪ੍ਰਾਪਤ ਹੋ ਜਾਂਦੀ ਹੈ । ਜਿਸ ਵਿਅਕਤੀ ਦੀ ਬੁੱਧੀ ਅਤੇ ਵਿਵੇਕ ਨੇ ਨਵੇਂ ਤੱਥ ਨੂੰ ਵੇਖਿਆ, ਉਹ ਵਿਅਕਤੀ ਹੀ ਸਹੀ ਅਰਥਾਂ ਵਿੱਚ ਸੰਸਕ੍ਰਿਤਕ ਵਿਅਕਤੀ ਹੈ ਅਤੇ ਉਸਦੀ ਸੰਤਾਨ, ਜਿਸਨੇ ਆਪਣੇ ਪੂਰਵਜਾਂ ਤੋਂ ਉਹ ਵਸਤੂ ਬਿਨਾਂ ਯਤਨ ਤੋਂ ਪ੍ਰਾਪਤ ਕਰ ਲਈ ਹੋਵੇ, ਉਹ ਆਪਣੇ ਪੂਰਵਜਾਂ ਦੀ ਤਰ੍ਹਾਂ ਸਭਿਅ ਭਾਵੇਂ ਬਣ ਜਾਏ, ਸੰਸਕ੍ਰਿਤਕ ਨਹੀਂ ਕਹਾ ਸਕਦੀ । ਆਉ ਇਸਦੀ ਇੱਕ ਆਧੁਨਿਕ ਉਦਾਹਰਣ ਲੈਂਦੇ ਹਾਂ । ਨਿਊਟਨ ਨੇ ਗੁਰੂਤਾ ਆਕਰਸ਼ਣ ਦਾ ਸਿਧਾਂਤ ਲੱਭਿਆ । ਉਹ ਸੰਸਕ੍ਰਿਤਕ ਮਾਨਵ ਸੀ । ਅੱਜ ਦੇ ਯੁੱਗ ਦਾ ਭੌਤਿਕ ਵਿਗਿਆਨ ਦਾ ਵਿਦਿਆਰਥੀ ਨਿਊਟਨ ਦੇ ਗੁਰੂਤਾ ਆਕਰਸ਼ਣ ਦੇ ਸਿਧਾਂਤ ਤੋਂ ਵਾਕਿਫ਼ ਹੈ, ਪਰ ਉਸਦੇ ਨਾਲ-ਨਾਲ ਉਸਨੂੰ ਹੋਰ ਵੀ ਕਈ ਗੱਲਾਂ ਦਾ ਗਿਆਨ ਪ੍ਰਾਪਤ ਹੈ ਜਿਨ੍ਹਾਂ ਤੋਂ ਸ਼ਾਇਦ ਨਿਊਟਨ ਜਾਣੂ ਨਹੀਂ ਸੀ । ਇਸੇ ਕਾਰਨ ਅਸੀਂ ਅੱਜ ਦੇ ਭੌਤਿਕ ਵਿਗਿਆਨ ਦੇ ਵਿਦਿਆਰਥੀ ਨੂੰ ਨਿਊਟਨ ਦੇ ਮੁਕਾਬਲੇ ਭਾਵੇਂ ਵਧੇਰੇ ਸਭਿਅ ਕਹਿ ਸਕੀਏ, ਪਰ ਨਿਊਟਨ ਜਿੰਨਾ ਸੰਸਕ੍ਰਿਤਕ ਨਹੀਂ ਕਹਿ ਸਕਦੇ ।



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

ਅੱਗ ਦੀ ਕਾਢ ਪਿੱਛੇ ਸ਼ਾਇਦ ਭੁੱਖ ਇੱਕ ਪ੍ਰੇਰਣਾ ਰਹੀ ਹੈ । ਸੂਈ-ਧਾਗੇ ਦੀ ਕਾਢ ਪਿੱਛੇ ਸ਼ਾਇਦ ਠੰਡ ਤੇ ਗਰਮੀ ਤੋਂ ਬਚਣ ਅਤੇ ਸ਼ਰੀਰ ਨੂੰ ਸਜਾਉਣ ਦੀ ਪ੍ਰਵ੍ਰਿਤੀ ਦਾ ਵਿਸ਼ੇਸ਼ ਹੱਥ ਰਿਹਾ ਹੈ । ਹੁਣ ਕਲਪਨਾ ਕਰੋ ਉਸ ਆਦਮੀ ਦੀ ਜੋ ਰੱਜਿਆ-ਪੁੱਜਿਆ ਹੈ, ਜਿਸ ਦਾ ਤਨ ਢੱਕਿਆ ਹੋਇਆ ਹੈ, ਪਰ ਜਦੋਂ ਉਹ ਖੁੱਲ੍ਹੇ ਆਸਮਾਨ ਦੇ ਥੱਲੇ ਸੁੱਤਾ ਹੋਇਆ ਰਾਤ ਨੂੰ ਜਗਮਗਾਉਂਦੇ ਹੋਏ ਤਾਰਿਆਂ ਨੂੰ ਵੇਖਦਾ ਹੈ, ਤਾਂ ਉਸਨੂੰ ਕੇਵਲ ਇਸ ਲਈ ਨੀਂਦ ਨਹੀਂ ਆਉਂਦੀ ਕਿਉਂਕਿ ਉਹ ਇਹ ਜਾਣਨ ਲਈ ਉਤਸੁਕ ਹੈ ਕਿ ਆਖਿਰ ਇਹ ਮੋਤੀਆਂ ਨਾਲ ਭਰਿਆ ਥਾਲ ਹੈ ਕੀ ? ਪੇਟ ਭਰਨ ਤੇ ਤਨ ਢੱਕਣ ਦੀ ਇੱਛਾ ਮਨੁੱਖ ਦੀ ਸੰਸਕ੍ਰਿਤੀ ਦੀ ਜਣਨੀ ਨਹੀਂ । ਅਜਿਹਾ ਮਾਨਵ ਜੋ ਵਾਸਤਵ ਵਿੱਚ ਸੰਸਕ੍ਰਿਤਕ ਹੈ, ਰੱਜੇ ਪੇਟ ਅਤੇ ਤਨ ਢੱਕੇ ਹੋਣ ਦੇ ਬਾਵਜੂਦ ਵੀ ਵਿਹਲਾ ਨਹੀਂ ਬੈਠ ਸਕਦਾ । ਸਾਡੀ ਸਭਿਅਤਾ ਦਾ ਇੱਕ ਵੱਡਾ ਹਿੱਸਾ ਸਾਨੂੰ ਅਜਿਹੇ ਸੰਸਕ੍ਰਿਤਕ ਵਿਅਕਤੀਆ ਕੋਲੋਂ ਮਿਲਿਆ ਹੈ ਜਿਨ੍ਹਾਂ ਦੀ ਚੇਤਨਾ ਮੁੱਖ ਤੌਰ ’ਤੇ ਸਥੂਲ ਭੌਤਿਕ ਵਰਤਾਰੇ ਤੋਂ ਪ੍ਰਭਾਵਿਤ ਰਹੀ ਹੈ, ਪ੍ਰੰਤੂ ਇਸਦਾ ਕੁਝ ਹਿੱਸਾ ਸਾਨੂੰ ਰਿਸ਼ੀਆਂ ਤੋਂ ਵੀ ਮਿਲਿਆ ਹੈ ਜਿਨ੍ਹਾਂ ਨੇ ਤੱਥ ਵਿਸ਼ੇਸ਼ ਨੂੰ ਕਿਸੇ ਭੌਤਿਕ ਪ੍ਰੇਰਣਾ ਤੋਂ ਪ੍ਰਭਾਵਿਤ ਹੋ ਕੇ ਨਹੀਂ ਸਗੋਂ ਉਹਨਾਂ ਦੇ ਆਪਣੇ ਅੰਦਰਲੀ ਸਹਿਜ ਸੰਸਕ੍ਰਿਤੀ ਦੇ ਕਾਰਣ ਪ੍ਰਾਪਤ ਕੀਤਾ । ਰਾਤ ਨੂੰ ਤਾਰਿਆਂ ਨੂੰ ਦੇਖ ਕੇ ਨਾ ਸੌਂ ਸਕਣ ਵਾਲਾ ਰਿਸ਼ੀ ਸਾਡੇ ਅੱਜ ਦੇ ਗਿਆਨ ਦਾ ਅਜਿਹਾ ਹੀ ਪਹਿਲਾ ਪ੍ਰਤੀਨਿਧੀ ਸੀ । *(567 ਸ਼ਬਦ)*

**Q4. ਹੇਠ ਲਿਖੇ ਗੱਦ-ਟੋਟੇ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ : *20***

ਸਮਾਂ ਅਨਮੋਲ ਹੈ । ਵਾਸਤਵ ਵਿੱਚ ਸਮਾਂ ਹੀ ਸੰਸਾਰ ਦੀ ਇੱਕ ਮਾਤਰ ਅਜਿਹੀ ਚੀਜ਼ ਹੈ, ਜੋ ਸੀਮਿਤ ਹੈ । ਜੇਕਰ ਤੁਸੀਂ ਦੌਲਤ ਗੁਆ ਲੈਂਦੇ ਹੋ ਤਾਂ ਦੁਬਾਰਾ ਕਮਾ ਸਕਦੇ ਹੋ । ਘਰ ਗੁਆ ਦਿੰਦੇ ਹੋ ਤਾਂ ਦੁਬਾਰਾ ਬਣਾ ਸਕਦੇ ਹੋ । ਪਰ ਜੇਕਰ ਸਮਾਂ ਗੁਆ ਦਿੰਦੇ ਹੋ ਤਾਂ ਉਹ ਸਮਾਂ ਤੁਹਾਨੂੰ ਦੁਬਾਰਾ ਨਹੀਂ ਮਿਲ ਸਕਦਾ ।

ਜੇਕਰ ਅਸੀਂ ਜੀਵਨ ਵਿੱਚ ਕੁਝ ਕਰਨਾ, ਕੁਝ ਬਣਨਾ ਜਾਂ ਕੁਝ ਹਾਸਿਲ ਕਰਨਾ ਚਾਹੁੰਦੇ ਹਾਂ, ਤਾਂ ਇਹ ਜ਼ਰੂਰੀ ਹੈ ਕਿ ਅਸੀਂ ਸਮੇਂ ਦਾ ਸਦ-ਉਪਯੋਗ ਕਰਨਾ ਸਿੱਖ ਲਈਏ । ਸਮੇਂ ਦਾ ਸਦ-ਉਪਯੋਗ ਕਰਕੇ ਅਸੀਂ ਉਹ ਸਭ ਹਾਸਿਲ ਕਰ ਸਕਦੇ ਹਾਂ, ਜੋ ਅਸੀਂ ਹਾਸਿਲ ਕਰਨਾ ਚਾਹੁੰਦੇ ਹਾਂ ।

ਇਹ ਕਿਹਾ ਜਾਂਦਾ ਹੈ ‘‘ਸਮਾਂ ਹੀ ਦੌਲਤ ਹੈ ।’’ ਪ੍ਰੰਤੂ ਇਹ ਕਹਾਵਤ ਪੂਰੀ ਤਰ੍ਹਾਂ ਸੱਚ ਨਹੀਂ ਹੈ । ਸੱਚ ਤਾਂ ਇਹ ਹੈ ਕਿ ਸਮਾਂ ਸਿਰਫ਼ ਸੰਭਾਵੀ ਦੌਲਤ ਹੈ । ਜੇਕਰ ਤੁਸੀਂ



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

ਆਪਣੇ ਸਮੇਂ ਦਾ ਸਦ-ਉਪਯੋਗ ਕਰਦੇ ਹੋ, ਤਾਂ ਹੀ ਤੁਸੀਂ ਧਨ ਕਮਾ ਸਕਦੇ ਹੋ । ਦੂਜੇ ਪਾਸੇ ਜੇਕਰ ਤੁਸੀਂ ਆਪਣੇ ਸਮੇਂ ਦਾ ਦੁਰਉਪਯੋਗ ਕਰਦੇ ਹੋ ਤਾਂ ਤੁਸੀਂ ਧਨ ਕਮਾਉਣ ਦੀ ਸੰਭਾਵਨਾ ਗੁਆ ਬਹਿੰਦੇ ਹੋ । ਜਦੋਂ ਤੁਸੀਂ ਸਮੇਂ ਦੀ ਵਰਤੋਂ ਸੰਬੰਧੀ ਸਜੱਗ ਹੋ ਜਾਉਂਗੇ ਤਾਂ ਸਮਾਂ ਬਰਬਾਦ ਕਰਨਾ ਛੱਡ ਦਿਓਂਗੇ । ਤੁਸੀਂ ਆਪਣੇ ਸਮੇਂ ਦੇ ਬਿਹਤਰ ਉਪਯੋਗ ਦੇ ਤਰੀਕੇ ਲੱਭੋਗੇ । ਤੁਸੀਂ ਘੱਟ ਸਮੇਂ ਵਿੱਚ ਜਿਆਦਾ ਕੰਮ ਕਰਨ ਦੇ ਉਪਾਅ ਖੋਜਣ ਲੱਗ ਜਾਉਗੇ । ਜੇਕਰ ਤੁਸੀਂ ਸੱਚਮੁੱਚ ਸਮੇਂ ਦੀ ਸਹੀ ਵਰਤੋਂ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਚੇਤਨ ਮਨ ਹੀ ਨਹੀਂ ਸਗੋਂ ਅਵਚੇਤਨ ਮਨ ਦੀ ਵੀ ਵਰਤੋਂ ਕਰਨੀ ਪਏਗੀ । ਇਹੀ ਤੁਹਾਨੂੰ ਅਜਿਹੇ ਨਵੇਂ-ਨਵੇਂ ਤਰੀਕੇ ਸੁਝਾਏਗਾ ਜਿਨ੍ਹਾਂ ਦੀ ਬਦੌਲਤ ਤੁਸੀਂ ਘੱਟ ਸਮੇਂ ਵਿੱਚ ਜਿਆਦਾ ਕੰਮ ਕਰਨ ਦੇ ਉਪਾਅ ਲੱਭਣ ਵਿੱਚ ਕਾਮਯਾਬ ਹੋ ਜਾਉਂਗੇ ।

**Q5.** **ਹੇਠ ਲਿਖੇ ਗੱਦ-ਟੋਟੇ ਦਾ ਪੰਜਾਬੀ ਵਿੱਚ ਅਨੁਵਾਦ ਕਰੋ :** ***20***

We cannot deny the importance of games in life as games make a person sound in body and mind. Society expects of a person to fulfil all his duties, for which it is important for him to keep healthy. He may be very intelligent, but his intelligence is of no use if he is not healthy. In some ways, the human body is like a machine. If it is not made use of, it starts to work badly. People who are not fit grow weak; they become more prone to disease. Any form of game is useful, if it gives the body an opportunity to take regular physical exercise. Playing encourages the spirit of sportsmanship. It enables one to deal with life's problems in a wise and natural manner. The important thing in playing is not the winning or the losing, but the participation. We have to remember some other things about playing games. First, it is the physical exercise that is important for health, not the games themselves, and there are other ways of getting this. Is not India the home of yoga ? When we think of the phrase — a healthy mind in a healthy body — we should not forget that it is the mind which is mentioned first. And if we let games become the most important thing in our lives, then we undermine the importance of the mind.



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

Q6. (a) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : *1×10=10*

(i) ਸਖਸੀਅਤ *1*

(ii) ਸੁੰਗਣਾ *1*

(iii) ਪੰਦ *1*

(iv) ਪੀਂਗ *1*

(v) ਵਟੇਰਾ *1*

(vi) ਪੋਦਾ *1*

(vii) ਖ਼ਾਲਿਸ਼ *1*

(viii) ਪਰਸਿੱਧ *1*

(ix) ਨਾਨਕੇਆਂ *1*

(x) ਕਸੀਧਾ *1*

(b) ਹੇਠ ਲਿਖੇ ਮੁਹਾਵਰਿਆਂ ਅਤੇ ਅਖਾਣਾਂ ਦੇ ਅਰਥ ਦੱਸ ਕੇ, ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ : *2×5=10*

(i) ਉੱਖਲ ਪੁੱਤ ਨਾ ਜੰਮਦੇ, ਧੀ ਕਾਣੀ ਚੰਗੀ *2*

(ii) ਆਪ ਮੀਆ ਮੰਗਤੇ, ਬਾਹਰ ਖੜ੍ਹੇ ਦਰਵੇਸ਼ *2*

(iii) ਇਕ ਪੰਥ ਦੋ ਕਾਜ *2*

(iv) ਹੋਣੀ ਹਾਰ ਮਿਟਾਵੇ ਕੌਣ *2*

(v) ਗਰੀਬਾਂ ਰੱਖੇ ਰੋਜ਼ੇ, ਦਿਨ ਵੱਡੇ ਆਏ *2*



raadheythevisiion.in

RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

(c) ਹੇਠ ਲਿਖੇ ਅਗੇਤਰ-ਪਿਛੇਤਰ ਲਗਾ ਕੇ ਸ਼ਬਦ ਬਣਾਉ : *1×10=10*

(i) ਅੰਤਰ *1*

(ii) ਸੰ *1*

(iii) ਸਮ *1*

(iv) ਜਨ *1*

(v) ਨਿਹ *1*

(vi) ਇਕ *1*

(vii) ਈਅਲ *1*

(viii) ਚਾਰੀ *1*

(ix) ਤੰਤਰ *1*

(x) ਵੰਦ *1*

(d) ਹੇਠ ਲਿਖੇ ਵਾਕਾਂ ਦੀ ਥਾਂ 'ਤੇ ਇੱਕ-ਇੱਕ ਸ਼ਬਦ ਦੀ ਵਰਤੋਂ ਕਰੋ : *1×10=10*

(i) ਉਹ ਬਾਲਕ ਜੋ ਬਹੁਤ ਸ਼ਰਾਰਤਾਂ ਕਰੇ *1*

(ii) ਉਹ ਥਾਂ ਜਿੱਥੇ ਦੋ ਦਰਿਆ ਮਿਲਦੇ ਹੋਣ *1*

(iii) ਛਪਣ ਤੋਂ ਪਹਿਲਾਂ ਹੱਥ ਨਾਲ ਲਿਖੀ ਕਿਤਾਬ *1*

(iv) ਉਹ ਧਰਤੀ ਜਿਹੜੀ ਖੂਹ ਦੇ ਪਾਣੀ ਨਾਲ ਸਿੰਜੀ ਜਾਵੇ *1*

(v) ਜਿਸ ਕੁੜੀ ਵਿੱਚ ਮੁੰਡਿਆ ਵਾਲੀਆਂ ਆਦਤਾਂ ਹੋਣ *1*

(vi) ਜਿਸ ਨੂੰ ਵੱਢੀ ਲੈਣ ਦੀ ਆਦਤ ਪੈ ਜਾਏ *1*

(vii) ਉਹ ਜ਼ਖ਼ਮ ਜੋ ਕੱਚਾ ਹੋਵੇ *1*

(viii) ਕਿਸੇ ਲੇਖਕ ਦੀ ਸਭ ਤੋਂ ਉੱਤਮ ਰਚਨਾ *1*

(ix) ਦੂਜਿਆਂ ਦਾ ਉਪਕਾਰ ਕਰਨ ਵਾਲਾ *1*

(x) ਸੋਨੇ ਚਾਂਦੀ ਦਾ ਵਪਾਰ ਕਰਨ ਵਾਲਾ *1*



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009